# ਬਚਪਨ 'ਚ ਲੱਗਣ ਵਾਲੇ ਟੀਕੇ

### ਹਾਨੀਕਾਰਕ ਬਿਮਾਰੀਆਂ ਤੋਂ ਬਚਾਅ ਲਈ ਮੁਫ਼ਤ ਟੀਕਿਆਂ ਬਾਰੇ ਜਾਣਕਾਰੀ

**health.gov.au/childhoodimmunisation**

## ਬਚਪਨ 'ਚ ਲੱਗਣ ਵਾਲੇ ਨਿਯਮਤ ਟੀਕੇ

ਰਾਸ਼ਟਰੀ ਟੀਕਾਕਰਨ ਅਨੁਸੂਚੀ ਵਿੱਚ ਸਿਫਾਰਸ਼ ਕੀਤੇ ਟੀਕਿਆਂ ਦੀ ਰੂਪਰੇਖਾ ਦੱਸੀ ਗਈ ਹੈ ਜੋ ਰਾਸ਼ਟਰੀ ਟੀਕਾਕਰਨ ਪ੍ਰੋਗਰਾਮ ਦੇ ਤਹਿਤ ਮੁਫ਼ਤ ਉਪਲਬਧ ਹਨ।

ਬੱਚੇ ਉਦੋਂ ਤੱਕ **ਮੁਫ਼ਤ** ਟੀਕਾਕਰਨ ਪ੍ਰਾਪਤ ਕਰ ਸਕਦੇ ਹਨ ਜਦੋਂ ਤੱਕ ਉਹ ਮੈਡੀਕੇਅਰ ਕਾਰਡ 'ਤੇ ਹਨ ਜਾਂ ਇਸਦੇ ਲਈ ਯੋਗ ਹਨ।

ਰਾਜ ਅਤੇ ਕੇਂਦਰੀ ਪ੍ਰਦੇਸ਼ ਸਰਕਾਰ ਦੇ ਪ੍ਰੋਗਰਾਮਾਂ ਦੇ ਤਹਿਤ ਵਾਧੂ ਟੀਕੇ ਮੁਫ਼ਤ ਉਪਲਬਧ ਹੋ ਸਕਦੇ ਹਨ।

## ਟੀਕਾਕਰਨ ਕਰਵਾਉਣਾ

ਬਚਪਨ ਵਿੱਚ ਮਿਲਣ ਵਾਲੇ ਟੀਕਾਕਰਨ ਜ਼ਿਆਦਾਤਰ ਬਾਂਹ ਜਾਂ ਲੱਤ ਵਿੱਚ ਇੱਕ ਟੀਕੇ ਵਜੋਂ ਦਿੱਤੇ ਜਾਂਦੇ ਹਨ, ਸਿਰਫ ਰੋਟਾਵਾਇਰਸ ਵੈਕਸੀਨ ਨੂੰ ਛੱਡ ਕੇ, ਜੋ ਮੂੰਹ ਦੁਆਰਾ ਦਿੱਤੀ ਜਾਂਦੀ ਹੈ।

ਟੀਕਾਕਰਨ ਦੀ ਖੁਰਾਕ ਕਿਸੇ ਖਾਸ ਬਿਮਾਰੀ, ਜਾਂ ਮਿਸ਼ਰਿਤ ਟੀਕਾਕਰਨ ਦੀ ਵਰਤੋਂ ਕਰਦੇ ਹੋਏ ਕਈ ਬਿਮਾਰੀਆਂ ਤੋਂ ਬਚਾ ਸਕਦੀ ਹੈ ਜੋ ਤੁਹਾਡੇ ਬੱਚੇ ਨੂੰ ਲੋੜੀਂਦੇ ਟੀਕਿਆਂ ਦੀ ਗਿਣਤੀ ਨੂੰ ਘਟਾਉਣ ਵਿੱਚ ਮਦਦ ਕਰਦੀ ਹੈ।

ਹਲਕੀ ਬਿਮਾਰੀ ਜਿਵੇਂ ਕਿ ਨੱਕ ਵਗਣ ਜਾਂ ਮਾਮੂਲੀ ਠੰਢ ਲੱਗਣ ਦੇ ਕਾਰਨ ਟੀਕਾਕਰਨ ਲਗਾਉਣ ਨੂੰ ਛੱਡਣ ਜਾਂ ਇਸ ਵਿੱਚ ਦੇਰੀ ਕਰਨ ਦੀ ਕੋਈ ਲੋੜ ਨਹੀਂ ਹੈ।

ਤੁਹਾਡੀ ਫੇਰੀ ਦੌਰਾਨ, ਤੁਹਾਡਾ ਟੀਕਾਕਰਨ ਪ੍ਰਦਾਤਾ ਇਹ ਪਤਾ ਲਗਾਉਣ ਲਈ ਕੁਝ ਸਵਾਲ ਪੁੱਛੇਗਾ ਕਿ ਤੁਹਾਡੇ ਬੱਚੇ ਨੂੰ ਟੀਕਾਕਰਨ ਕਰਨ ਵਿੱਚ ਕੋਈ ਜੋਖ਼ਮ ਤਾਂ ਨਹੀਂ ਹੈ।

## ਸਮੇਂ ਸਿਰ ਟੀਕਾਕਰਨ ਕਰਵਾਉ

ਆਪਣੇ ਬੱਚੇ ਨੂੰ ਖ਼ਤਰਨਾਕ ਬਿਮਾਰੀਆਂ ਤੋਂ ਸਭ ਤੋਂ ਵਧੀਆ ਸੁਰੱਖਿਆ ਦੇਣ ਲਈ ਸਮੇਂ ਸਿਰ ਟੀਕਾਕਰਨ ਕਰਵਾਉਣਾ ਮਹੱਤਵਪੂਰਨ ਹੈ। ਬਚਪਨ ਦੇ ਟੀਕਾਕਰਨ ਦੀ ਅਨੁਸੂਚੀ ਦੀ ਪਾਲਣਾ ਕਰੋ ਅਤੇ ਆਪਣੇ ਬੱਚੇ ਦੀ ਅਗਲੀ ਮੁਲਾਕਾਤ ਬੁੱਕ ਕਰਨ ਲਈ ਇੱਕ ਰੀਮਾਈਂਡਰ ਸੈੱਟ ਕਰੋ।

ਜੇਕਰ ਤੁਹਾਡੇ ਬੱਚੇ ਦਾ ਟੀਕਾ ਲਗਵਾਉਣ ਦਾ ਸਮਾਂ ਲੰਘ ਗਿਆ ਹੈ ਜਾਂ ਉਹ ਨਿਰਧਾਰਤ ਟੀਕਾਕਰਨ ਨਹੀਂ ਲਗਵਾ ਸਕਿਆ, ਤਾਂ ਆਪਣੇ ਟੀਕਾਕਰਨ ਪ੍ਰਦਾਤਾ ਨਾਲ ਗੱਲ ਕਰੋ।

ਕਈ ਤਰ੍ਹਾਂ ਦੇ ਮੁੜ ਤੋਂ ਲੱਗਣ ਵਾਲੇ ਟੀਕੇ ਮੁਫ਼ਤ ਵਿੱਚ ਉਪਲਬਧ ਹਨ ਜੇ ਉਹ ਬਚਪਨ ਵਿੱਚ ਨਾਂ ਲੱਗੇ ਹੋਣ।

## ਟੀਕੇ ਸੁਰੱਖਿਅਤ ਹਨ

ਥੈਰੇਪਿਊਟਿਕ ਗੁੱਡਜ਼ ਐਡਮਿਨਿਸਟ੍ਰੇਸ਼ਨ TGA (ਟੀ ਜੀ ਏ) ਆਸਟ੍ਰੇਲੀਆ ਵਿੱਚ ਉਪਲਬਧ ਸਾਰੇ ਟੀਕਿਆਂ ਦਾ ਮੁਲਾਂਕਣ ਕਰਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਵਰਤੋਂ ਲਈ ਮਨਜ਼ੂਰੀ ਤੋਂ ਪਹਿਲਾਂ ਸੁਰੱਖਿਅਤ ਅਤੇ ਪ੍ਰਭਾਵੀ ਹਨ। TGA (ਟੀ ਜੀ ਏ) ਇੱਕ ਵਾਰ ਮਨਜ਼ੂਰੀ ਦੇਣ ਤੋਂ ਬਾਅਦ ਟੀਕਿਆਂ ਦੀ ਸੁਰੱਖਿਆ ਦੀ ਨਿਗਰਾਨੀ ਕਰਨਾ ਜਾਰੀ ਰੱਖਦਾ ਹੈ।

ਆਸਟ੍ਰੇਲੀਆ ਵਿੱਚ ਵਰਤੇ ਜਾਂਦੇ ਸਾਰੇ ਟੀਕਿਆਂ ਵੱਲੋਂ ਪ੍ਰਦਾਨ ਕੀਤੇ ਜਾਂਦੇ ਲਾਭ ਕਿਸੇ ਵੀ ਜੋਖਮ ਤੋਂ ਕਿਤੇ ਵੱਧ ਹਨ। ਬਿਮਾਰੀ ਲੱਗਣ ਨਾਲੋਂ ਟੀਕਾ ਲਗਵਾਉਣਾ ਸੁਰੱਖਿਅਤ ਹੈ।

## ਰਾਸ਼ਟਰੀ ਟੀਕਾਕਰਨ ਅਨੁਸੂਚੀ (ਬਚਪਨ)

| ਉਮਰ | ਬਿਮਾਰੀਆਂ |
|---|---|
| **ਜਨਮ** | • ਹੈਪੇਟਾਈਟਸ ਬੀ (ਆਮ ਤੌਰ 'ਤੇ ਹਸਪਤਾਲ ਵਿੱਚ ਲਗਾਈ ਜਾਂਦੀ ਹੈ) |
| **2 ਮਹੀਨੇ** (6 ਹਫ਼ਤਿਆਂ ਦੀ ਉਮਰ ਤੋਂ ਦਿੱਤਾ ਜਾ ਸਕਦਾ ਹੈ) | • ਡਿਪਥੀਰੀਆ, ਟੈਟਨਸ, ਕਾਲੀ ਖੰਘ, ਹੈਪੇਟਾਈਟਸ ਬੀ, ਪੋਲੀਓ, ਹੀਮੋਫਿਲਸ ਇਨਫਲੂਐਂਜ਼ਾ ਟਾਈਪ ਬੀ (ਹਿਬ)<br>• ਰੋਟਾਵਾਇਰਸ<br>• ਨਿਊਮੋਕੋਕਲ |
| **4 ਮਹੀਨੇ** | • ਡਿਪਥੀਰੀਆ, ਟੈਟਨਸ, ਕਾਲੀ ਖੰਘ, ਹੈਪੇਟਾਈਟਸ ਬੀ, ਪੋਲੀਓ, ਹੀਮੋਫਿਲਸ ਇਨਫਲੂਐਂਜ਼ਾ ਟਾਈਪ ਬੀ (ਹਿਬ)<br>• ਰੋਟਾਵਾਇਰਸ<br>• ਨਿਊਮੋਕੋਕਲ |
| **6 ਮਹੀਨੇ** | • ਡਿਪਥੀਰੀਆ, ਟੈਟਨਸ, ਕਾਲੀ ਖੰਘ, ਹੈਪੇਟਾਈਟਸ ਬੀ, ਪੋਲੀਓ, ਹੀਮੋਫਿਲਸ ਇਨਫਲੂਐਂਜ਼ਾ ਟਾਈਪ ਬੀ (ਹਿਬ) |
| **6 ਮਹੀਨੇ ਤੋਂ 5 ਸਾਲ ਦੇ ਅੰਦਰ** | • ਇਨਫਲੂਐਂਜ਼ਾ (ਸਾਲਾਨਾ) |
| **12 ਮਹੀਨੇ** | • ਮੈਨਿੰਜੋਕੋਕਲ ACWY<br>• ਖਸਰਾ, ਕੰਨ ਪੇੜੇ, ਰੁਬੈਲਾ<br>• ਨਿਊਮੋਕੋਕਲ |
| **18 ਮਹੀਨੇ** | • ਹੀਮੋਫਿਲਸ ਇਨਫਲੂਐਂਜ਼ਾ ਟਾਈਪ ਬੀ (ਹਿਬ)<br>• ਖਸਰਾ, ਕੰਨ ਪੇੜੇ, ਰੁਬੈਲਾ<br>• ਡਿਪਥੀਰੀਆ, ਟੈਟਨਸ, ਕਾਲੀ ਖੰਘ |
| **4 ਸਾਲ** | • ਡਿਪਥੀਰੀਆ, ਟੈਟਨਸ, ਕਾਲੀ ਖੰਘ |

# ਬਚਪਨ 'ਚ ਲੱਗਣ ਵਾਲੇ ਟੀਕੇ

## ਟੀਕਾਕਰਨ ਕਿਥੋਂ ਕਰਵਾਉਣਾ ਹੈ

ਨਿਆਣੇ ਅਤੇ ਛੋਟੇ ਬੱਚੇ ਹੇਠਾਂ ਦਿੱਤੇ ਟੀਕਾਕਰਨ ਪ੍ਰਦਾਤਾਵਾਂ ਤੋਂ ਆਪਣੇ ਟੀਕੇ ਲਗਵਾ ਸਕਦੇ ਹਨ:

- ਸਥਾਨਕ ਜਨਰਲ ਪ੍ਰੈਕਟਿਸ
- ਕੁਝ ਖੇਤਰਾਂ ਵਿੱਚ ਭਾਈਚਾਰਕ ਸਿਹਤ ਜਾਂ ਸਥਾਨਕ ਕੌਂਸਲ ਕਲੀਨਿਕ।

ਟੀਕਾਕਰਨ ਮੁਫ਼ਤ ਹੋਣ ਦੇ ਬਾਵਜੂਦ, ਤੁਹਾਡਾ ਟੀਕਾਕਰਨ ਪ੍ਰਦਾਤਾ ਤੁਹਾਨੂੰ ਦੇਖਣ ਦੀ ਫੀਸ ਲੈ ਸਕਦਾ ਹੈ। ਜਦੋਂ ਤੁਸੀਂ ਮੁਲਾਕਾਤ ਬਣਾਉਂਦੇ ਹੋ ਉਸ ਵੇਲੇ ਪੁੱਛੋ।

## ਇਕ ਤੋਂ ਵੱਧ ਟੀਕਾਕਰਨ

ਨਿਆਣਿਆਂ ਅਤੇ ਬੱਚਿਆਂ ਨੂੰ ਇੱਕ ਵਾਰ ਵਿੱਚ ਕਈ ਟੀਕੇ ਦੇਣਾ ਸੁਰੱਖਿਅਤ ਹੈ। ਇਕੱਠੇ ਟੀਕੇ ਲੋੜੀਂਦੇ ਟੀਕਿਆਂ ਦੀ ਗਿਣਤੀ ਨੂੰ ਘਟਾਉਂਦੇ ਹਨ। ਉਹਨਾਂ ਦਾ ਇਮਿਊਨ ਸਿਸਟਮ (ਰੋਗ ਪ੍ਰਤੀਰੋਧਕ ਪ੍ਰਣਾਲੀ) ਬਹੁਤ ਮਜ਼ਬੂਤ ਹੁੰਦਾ ਹੈ ਅਤੇ ਕਈ ਟੀਕਿਆਂ ਨੂੰ ਸੰਭਾਲ ਸਕਦਾ ਹੈ।

ਅਸਲ ਵਿੱਚ ਇਹ ਤੁਹਾਡੇ ਬੱਚੇ ਦੀ ਰੋਗ ਪ੍ਰਤੀਰੋਧਕ ਸ਼ਕਤੀ ਨੂੰ ਮਜ਼ਬੂਤ ਕਰਨਗੇ ਤਾਂ ਜੋ ਉਹਨਾਂ ਨੂੰ ਬਿਮਾਰੀਆਂ ਤੋਂ ਬਚਾਇਆ ਜਾ ਸਕੇ ਜਦੋਂ ਉਹਨਾਂ ਨੂੰ ਸਭ ਤੋਂ ਵੱਧ ਖ਼ਤਰਾ ਹੁੰਦਾ ਹੈ।

## ਬੁਰੇ ਪ੍ਰਭਾਵ

ਤੁਹਾਡੇ ਬੱਚੇ ਨੂੰ ਟੀਕਾਕਰਨ ਤੋਂ ਬਾਅਦ ਹਲਕੇ ਮਾੜੇ ਪ੍ਰਭਾਵਾਂ ਦਾ ਅਨੁਭਵ ਹੋ ਸਕਦਾ ਹੈ। ਜ਼ਿਆਦਾਤਰ ਮਾੜੇ ਪ੍ਰਭਾਵ ਕੁਝ ਦਿਨਾਂ ਤੋਂ ਵੱਧ ਨਹੀਂ ਰਹਿੰਦੇ ਹਨ ਅਤੇ ਟੀਕਾਕਰਨ ਪ੍ਰਤੀ ਇਮਿਊਨ ਸਿਸਟਮ ਦੇ ਕੁਦਰਤੀ ਜਵਾਬ ਦਾ ਹਿੱਸਾ ਹਨ।

**ਆਮ ਪ੍ਰਤੀਕਰਮਾਂ ਵਿੱਚ ਸ਼ਾਮਲ ਹਨ:**

- ਦਰਦ, ਸੋਜ ਅਤੇ ਲਾਲੀ ਜਿੱਥੇ ਸੂਈ ਲਗਾਈ ਗਈ
- ਬੇਚੈਨ ਹੋਣਾ, ਨਾਲ ਚਿੰਬੜਣਾ ਜਾਂ ਰੋਣਾ
- ਹਲਕਾ ਬੁਖਾਰ।

ਸਧਾਰਣ ਦੇਖਭਾਲ ਨਾਲ ਹਲਕੇ ਪ੍ਰਤੀਕਰਮਾਂ ਦਾ ਪ੍ਰਬੰਧਨ ਕਰੋ, ਜਿਵੇਂ ਕਿ ਪੈਰਾਸੀਟਾਮੋਲ ਦੇਣਾ, ਵਾਧੂ ਤਰਲ ਪਦਾਰਥ ਦੇਣਾ, ਕੱਪੜਿਆਂ ਦੀਆਂ ਪਰਤਾਂ ਨੂੰ ਘਟਾਉਣਾ ਜਾਂ ਠੰਢੇ ਗਿੱਲੇ ਕੱਪੜੇ ਨੂੰ ਰੱਖਣਾ ਜਿੱਥੇ ਸੂਈ ਲਗਾਈ ਗਈ ਸੀ।

ਟੀਕਿਆਂ ਨਾਲ ਗੰਭੀਰ ਪ੍ਰਤੀਕਰਮ ਬਹੁਤ ਘੱਟ ਹੁੰਦੇ ਹਨ। ਜੇ ਤੁਹਾਡੇ ਬੱਚੇ ਨੂੰ ਕੋਈ ਪ੍ਰਤੀਕਿਰਿਆ ਹੋਈ ਹੈ ਜੋ ਤੁਹਾਨੂੰ ਗੰਭੀਰ ਜਾਂ ਅਚਾਨਕ ਹੋਈ ਲੱਗਦੀ ਹੈ, ਤਾਂ ਤੁਰੰਤ ਆਪਣੇ ਡਾਕਟਰ ਨਾਲ ਸੰਪਰਕ ਕਰੋ।

## ਕੁਝ ਡਾਕਟਰੀ ਸਮੱਸਿਆਵਾਂ ਵਾਲੇ ਬੱਚੇ

ਕੁਝ ਡਾਕਟਰੀ ਸਮੱਸਿਆਵਾਂ ਵਾਲੇ ਬੱਚੇ ਵਾਧੂ ਖੁਰਾਕਾਂ ਜਾਂ ਵਾਧੂ ਟੀਕਿਆਂ ਦੇ ਲਈ ਵੀ ਯੋਗ ਹੋ ਸਕਦੇ ਹਨ ਜਿਵੇਂ ਕਿ ਨਿਊਮੋਕੋਕਲ।

ਇਹ ਦੇਖਣ ਲਈ ਕਿ ਕੀ ਤੁਹਾਡੇ ਬੱਚੇ ਨੂੰ ਇਹ ਟੀਕੇ ਲਗਵਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ, ਆਪਣੇ ਟੀਕਾਕਰਨ ਪ੍ਰਦਾਤਾ ਨਾਲ ਗੱਲ ਕਰੋ।

## ਚਾਈਲਡ ਕੇਅਰ ਜਾਂ ਸਕੂਲ ਜਾਣਾ ਸ਼ੁਰੂ ਕਰਨਾ

ਚਾਈਲਡ ਕੇਅਰ ਜਾਂ ਸਕੂਲ ਵਿੱਚ ਦਾਖਲਾ ਲੈਣ ਲਈ, ਤੁਹਾਨੂੰ ਇਹ ਦਿਖਾਉਣ ਲਈ ਕਿ ਤੁਹਾਡੇ ਬੱਚੇ ਦੇ ਉਸਦੀ ਉਮਰ ਲਈ ਲੋੜੀਂਦੇ ਸਾਰੇ ਟੀਕੇ ਲੱਗੇ ਹੋਏ ਹਨ ਇੱਕ ਇਮਯੂਨਾਈਜ਼ੇਸ਼ਨ ਹਿਸਟਰੀ ਸਟੇਟਮੈਂਟ ਪ੍ਰਦਾਨ ਕਰਨ ਦੀ ਲੋੜ ਹੋ ਸਕਦੀ ਹੈ।

No Jab, No Play (ਨੋ ਜੈਬ, ਨੋ ਪਲੇਅ) ਲੋੜਾਂ ਬਾਰੇ ਹੋਰ ਜਾਣਕਾਰੀ ਲਈ ਆਪਣੇ ਰਾਜ ਅਤੇ ਕੇਂਦਰ ਪ੍ਰਦੇਸ਼ ਦੀ ਸਿਹਤ ਵੈੱਬਸਾਈਟ 'ਤੇ ਜਾਓ।

## ਪਰਿਵਾਰਕ ਸਹਾਇਤਾ ਭੁਗਤਾਨ

ਕੁਝ ਪਰਿਵਾਰਕ ਸਹਾਇਤਾ ਭੁਗਤਾਨ (ਨੋ ਜੈਬ, ਨੋ ਪੇਅ) ਪ੍ਰਾਪਤ ਕਰਨ ਲਈ, ਤੁਹਾਡੇ ਬੱਚੇ ਕੋਲ:

- ਉਹਨਾਂ ਦੇ ਸਾਰੇ ਟੀਕਾਕਰਨ ਹੋਏ ਹੋਣੇ ਚਾਹੀਦੇ ਹਨ
- ਉਹਨਾਂ ਦਾ ਇੱਕ ਪ੍ਰਵਾਨਿਤ ਕੈਚ-ਅੱਪ ਅਨੁਸੂਚੀ 'ਤੇ ਹੋਣਾ, ਜਾਂ
- ਜਾਂ ਇੱਕ ਪ੍ਰਵਾਨਿਤ ਛੋਟ ਹੋਣੀ ਚਾਹੀਦੀ ਹੈ।

ਨੋ ਜੈਬ, ਨੋ ਪੇਅ ਦੀਆਂ ਲੋੜਾਂ ਬਾਰੇ ਵਧੇਰੇ ਜਾਣਕਾਰੀ ਲਈ ਸਰਵਿਸਿਜ਼ ਆਸਟ੍ਰੇਲੀਆ ਦੀ ਵੈੱਬਸਾਈਟ 'ਤੇ ਜਾਓ।

## ਟੀਕਾਕਰਨ ਦੇ ਰਿਕਾਰਡ

ਤੁਹਾਡੇ ਬੱਚੇ ਦੇ ਟੀਕੇ ਉਹਨਾਂ ਦੇ ਜਨਮ ਸਮੇਂ ਦਿੱਤੀ ਗਈ ਨਿੱਜੀ ਸਿਹਤ ਰਿਕਾਰਡ ਪੁਸਤਿਕਾ ਵਿੱਚ ਦਰਜ ਕੀਤੇ ਜਾਣੇ ਚਾਹੀਦੇ ਹਨ।

ਤੁਹਾਡਾ ਟੀਕਾਕਰਨ ਪ੍ਰਦਾਤਾ ਆਸਟ੍ਰੇਲੀਅਨ ਇਮਯੂਨਾਈਜ਼ੇਸ਼ਨ ਰਜਿਸਟਰ (ਏ ਆਈ ਆਰ) 'ਤੇ ਆਪਣੇ ਟੀਕੇ ਵੀ ਦਰਜ ਕਰੇਗਾ।

ਤੁਸੀਂ ਆਪਣੇ ਬੱਚੇ ਦੇ ਟੀਕਾਕਰਨ ਦਾ ਰਿਕਾਰਡ ਏ ਆਈ ਆਰ ਤੋਂ ਇਸ ਤਰ੍ਹਾਂ ਪ੍ਰਾਪਤ ਕਰ ਸਕਦੇ ਹੋ:

- **my.gov.au** 'ਤੇ ਜਾਣਾ ਅਤੇ ਆਪਣੇ ਮੈਡੀਕੇਅਰ ਔਨਲਾਈਨ ਖਾਤੇ ਨੂੰ ਦੇਖਣ ਲਈ ਜਾਂ myGov ਮੋਬਾਈਲ ਐਪ ਦੀ ਵਰਤੋਂ ਕਰਨ ਲਈ ਸਾਈਨ ਇਨ ਕਰਨਾ
- ਨਕਲ ਦੀ ਬੇਨਤੀ ਕਰਨ ਲਈ ਸਰਵਿਸਿਜ਼ ਆਸਟ੍ਰੇਲੀਆ ਨੂੰ **1800 653 809** 'ਤੇ ਫ਼ੋਨ ਕਰਨਾ
- ਤੁਹਾਡੇ ਟੀਕਾਕਰਨ ਪ੍ਰਦਾਤਾ ਨੂੰ ਤੁਹਾਡੇ ਲਈ ਇੱਕ ਕਾਪੀ ਛਾਪਣ ਲਈ ਬੇਨਤੀ ਕਰਨੀ।

## ਵਿਦੇਸ਼ਾਂ ਵਿੱਚ ਟੀਕਾਕਰਨ ਕੀਤੇ ਗਏ ਬੱਚੇ

ਜੇਕਰ ਤੁਹਾਡੇ ਬੱਚੇ ਦਾ ਵਿਦੇਸ਼ਾਂ ਵਿੱਚ ਟੀਕਾਕਰਨ ਕੀਤਾ ਗਿਆ ਸੀ, ਤਾਂ ਉਹਨਾਂ ਦੇ ਟੀਕਾਕਰਨ ਦੇ ਰਿਕਾਰਡ ਨੂੰ ਅੰਗਰੇਜ਼ੀ ਵਿੱਚ ਆਸਟ੍ਰੇਲੀਆ ਵਿੱਚ ਇੱਕ ਟੀਕਾਕਰਨ ਪ੍ਰਦਾਤਾ ਕੋਲ ਲੈ ਜਾਓ ਤਾਂ ਜੋ ਉਹ:

- ਰਾਸ਼ਟਰੀ ਟੀਕਾਕਰਨ ਪ੍ਰੋਗਰਾਮ ਅਨੁਸੂਚੀ ਦੇ ਅਨੁਸਾਰ ਟੀਕਾਕਰਨ ਦੀ ਜਾਂਚ ਕਰ ਸਕਣ
- ਨਾ ਦਿੱਤੇ ਗਏ ਟੀਕਿਆਂ ਲਈ ਇੱਕ ਪੂਰਾ ਕਰਨ ਵਾਲੇ ਪ੍ਰੋਗਰਾਮ ਦੀ ਯੋਜਨਾ ਬਣਾ ਸਕਣ
- ਆਸਟ੍ਰੇਲੀਆ ਦੇ ਇਮਯੂਨਾਈਜ਼ੇਸ਼ਨ ਰਜਿਸਟਰ ਵਿੱਚ ਵਿਦੇਸ਼ ਵਿਚ ਲੱਗੇ ਟੀਕੇ ਸ਼ਾਮਲ ਕਰ ਸਕਣ।

### ਹੋਰ ਜਾਣਕਾਰੀ

- ਆਪਣੇ ਟੀਕਾਕਰਨ ਪ੍ਰਦਾਤਾ ਨਾਲ ਗੱਲ ਕਰੋ
- **health.gov.au/childhoodimmunisation** 'ਤੇ ਜਾਓ
- ਆਪਣੇ ਰਾਜ ਜਾਂ ਕੇਂਦਰੀ ਪ੍ਰਦੇਸ਼ ਸਿਹਤ ਵਿਭਾਗ ਨਾਲ ਸੰਪਰਕ ਕਰੋ।

Australian Government
Department of Health, Disability and Ageing

National Immunisation Program
A joint Australian, State and Territory Government Initiative

DT0003629-1025